**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਪੁੱਡਾ ਭਵਨ,**
**ਸੈਕਟਰ-62, ਐਸ.ਏ.ਐਸ.ਨਗਰ**

ਸੇਵਾ ਵਿਖੇ

1) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਵਿੱਤ ਵਿਭਾਗ,
ਪੰਜਾਬ ਸਿਵਲ ਸਕੱਤਰੇਤ-1,
ਚੰਡੀਗੜ੍ਹ।

2) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ ।

ਨੰਬਰ-ਗਮਾਡਾ-ਲੇਖਾ ਸਾਖਾ-2013/ 1115 - 1116
ਮਿਤੀ: 22/3/13.

ਵਿਸ਼ਾ: - **ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਬਜਟ ਅਤੇ ਅਕਾਊਂਟਸ ਸਕਰੂਟਨੀ ਦੀ 6ਵੀਂ ਮੀਟਿੰਗ ਦੀ ਕਾਰਵਾਈ ਭੇਜਣ ਬਾਰੇ ।**

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ ( ਗਮਾਡਾ) ਦੀ ਬਜਟ ਅਤੇ ਅਕਾਊਂਟਸ ਸਕਰੂਟਨੀ ਕਮੇਟੀ ਦੀ 6ਵੀਂ (ਮਿਤੀ 19.3.2013) ਮਾਨਯੋਗ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਭਾਗ ਜੀ ਦੀ ਪ੍ਰਧਾਨਗੀ ਹੇਠਾਂਹੋਈ ਸੀ, ਦੀ ਕਾਰਵਾਈ ਦੀ ਕਾਪੀ ਆਪ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ਜੀ।

ਨੱਥੀ/ਉਪਰੋਕਤ ਅਨੁਸਾਰ ।

ਸੀਨੀਅਰ ਲੇਖਾ ਅਫਸਰ ,
ਗਮਾਡਾ, ਐਸ.ਏ.ਐਸ.ਨਗਰ
2/3
ਮਿਤੀ: 22/3/13

ਪਿੱਠ ਅੰਕਣ ਨੰਬਰ-ਗਮਾਡਾ-ਲੇਖਾ ਸਾਖਾ-2013/ 1117

ਉਪਰੋਕਤ ਦਾ ਉਤਾਰਾ ਸਮੇਤ ਬਜਟ ਅਤੇ ਅਕਾਊਂਟਸ ਸਕਰੂਟਨੀ ਕਮੇਟੀ ਦੀ 6ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਦੇ ਨਿੱਜੀ ਸਕੱਤਰ/ਸਕੱਤਰ,ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,ਪੰਜਾਬ ਸਿਵਲ ਸਕੱਤਰੇਤ-2,ਚੰਡੀਗੜ੍ਹ ਨੂੰ ਮਾਨਯੋਗ ਸਕੱਤਰ, ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗੀ ਦੀ ਸੂਚਨਾਂ ਹਿੱਤ ਜੀ।

ਨੱਥੀ/ਉਪਰੋਕਤ ਅਨੁਸਾਰ ।

ਸੀਨੀਅਰ ਲੇਖਾ ਅਫਸਰ ,
ਗਮਾਡਾ, ਐਸ.ਏ.ਐਸ.ਨਗਰ
2/3
ਮਿਤੀ: 22/3/13

ਪਿੱਠ ਅੰਕਣ ਨੰਬਰ-ਗਮਾਡਾ-ਲੇਖਾ ਸਾਖਾ-2013/ 1118

ਉਪਰੋਕਤ ਉਤਾਰਾ ਸਮੇਤ ਬਜਟ ਅਤੇ ਅਕਾਊਂਟਸ ਸਕਰੂਟਨੀ ਕਮੇਟੀ ਦੀ 6ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਦੇ ਮੁੱਖ ਤਾਲਮੇਲ ਅਫਸਰ, ਨੋਡਲ ਦਫਤਰ ਦੀ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ।

ਨੱਥੀ/ਉਪਰੋਕਤ ਅਨੁਸਾਰ ।

ਸੀਨੀਅਰ ਲੇਖਾ ਅਫਸਰ ,
ਗਮਾਡਾ, ਐਸ.ਏ.ਐਸ.ਨਗਰ
2/3

ਪਿੱਠ ਅੰਕਣ ਨੰਬਰ-ਗਮਾਡਾ-ਲੇਖਾ ਸਾਖਾ-2013/ 1119 ਮਿਤੀ: 22/3/13.

ਉਪਰੋਕਤ ਉਤਾਰਾ ਸਮੇਤ ਬਜਟ ਅਤੇ ਅਕਾਊਂਟਸ ਸਕਰੂਟਨੀ ਕਮੇਟੀ ਦੀ 6ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਦੇ ਲੇਖਾ ਅਫਸਰ(ਮੁੱ:ਦ:),ਗਮਾਡਾ, ਐਸ.ਏ.ਐਸ.ਨਗਰ ਦੀ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਨੱਥੀ/ਉਪਰੋਕਤ ਅਨੁਸਾਰ ।

ਸੀਨੀਅਰ ਲੇਖਾ ਅਫਸਰ ,
ਗਮਾਡਾ, ਐਸ.ਏ.ਐਸ.ਨਗਰ
2/3

**ਗਮਾਡਾ ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ ਛੇਵੀਂ ਮੀਟਿੰਗ ਮਿਤੀ 19.03.2013 ਨੂੰ ਸਵੇਰੇ 10.00 ਵਜੇ ਮਾਨਯੋਗ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਜੀ ਦੀ ਪ੍ਰਧਾਨਗੀ ਹੇਠ ਉਨ੍ਹਾਂ ਦੇ ਦਫਤਰੀ ਕਮਰਾ, ਦੂਜੀ ਮੰਜਿਲ, ਪੁੱਡਾ ਭਵਨ ਵਿਖੇ ਹੋਈ ਮੀਟਿੰਗ ਦੀ ਕਾਰਵਾਈ ।**

**ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀਆਂ ਨੇ ਭਾਗ ਲਿਆ:-**

1. ਸ਼੍ਰੀ ਏ.ਵੇਨੂੰ ਪ੍ਰਸਾਦ, ਆਈ.ਏ.ਐਸ.,
   ਸਕੱਤਰ,
   ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ।

2. ਸ਼੍ਰੀ ਏ.ਕੇ. ਸਿਨਹਾ, ਆਈ.ਏ.ਐਸ.
   ਮੁੱਖ ਪ੍ਰਸ਼ਾਸਕ,
   ਗਮਾਡਾ, ਐਸ.ਏ.ਐਸ ਨਗਰ ।

3. ਸ਼੍ਰੀ ਅਨਿਲ ਪਸੀਜਾ,
   ਸੁਪਰਡੰਟ, ਵਿੱਤ ਵਿਭਾਗ,
   ਪੰਜਾਬ, ਚੰਡੀਗੜ੍ਹ ।

**<u>ਅਜੰਡਾ ਆਈਟਮ ਨੰ: 6.01</u>**

**ਗਮਾਡਾ ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ ਮਿਤੀ 26.07.2012 ਨੂੰ ਹੋਈ ਪੰਜਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ।**

ਵਿਚਾਰ ਵਟਾਂਦਰੇ ਉਪਰੰਤ ਸਰਵ ਸੰਮਤੀ ਨਾਲ ਜਾਰੀ ਕੀਤੀ ਗਈ ਕਾਰਵਾਈ ਦੀ ਪੁਸ਼ਟੀ ਕੀਤੀ ਗਈ ।

**<u>ਅਜੰਡਾ ਆਈਟਮ ਨੰ: 6.02</u>**

**ਗਮਾਡਾ ਦੀ ਬਜਟ ਅਤੇ ਲੇਖਾ ਸਕਰੂਟਨੀ ਕਮੇਟੀ ਦੀ ਮਿਤੀ 26.07.2012 ਨੂੰ ਹੋਈ ਪੰਜਵੀਂ ਮੀਟਿੰਗ ਦੀ ਕੀਤੀ ਕਾਰਵਾਈ ਸਬੰਧੀ ਮੱਦਵਾਰ ਵਿਵਰਣ ।**

ਕਮੇਟੀ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ।

**<u>ਅਜੰਡਾ ਆਈਟਮ ਨੰ: 6.03</u>**

**ਗਮਾਡਾ ਅਥਾਰਿਟੀ ਦੇ ਸਾਲ 2012-13 ਦੇ ਸੋਧੇ ਹੋਏ ਬਜਟ ਅਨੁਮਾਨ ਅਤੇ ਸਾਲ 2013-14 ਦੇ ਬਜਟ ਅਨੁਮਾਨ।**

ਸਾਲ 2012-13 ਦੇ ਸੋਧੇ ਹੋਏ ਬਜਟ ਅਨੁਮਾਨ ਅਤੇ ਸਾਲ 2013-14 ਦੇ ਬਜਟ ਅਨੁਮਾਨਾਂ ਨੂੰ ਘੋਖਣ ਉਪਰੰਤ ਗਮਾਡਾ ਅਥਾਰਿਟੀ ਕੋਲ ਪੇਸ਼ ਕਰਨ ਦੀ ਪ੍ਰਵਾਨਗੀ ਦਿੱਤੀ ਗਈ । ਮੀਟਿੰਗ ਦੌਰਾਨ ਸਭਾਪਤੀ ਜੀ ਵੱਲੋਂ ਆਈ.ਟੀ. ਸਿਟੀ ਸਕੀਮ ਤਹਿਤ ਭੌਂ ਪ੍ਰਾਪਤੀ ਦੇ ਮੰਤਵ ਲਈ

ਵੱਖੋ-ਵੱਖ ਬੈਂਕਾਂ ਤੋਂ ਲਏ ਗਏ ਕਰਜੇ ਨੂੰ ਮੋੜਣ ਲਈ ਰਿਹਾਇਸ਼ੀ ਸਕੀਮ ਤਿਆਰ ਕਰਕੇ ਵਿੱਤੀ ਸਾਲ 2013-14 ਦੇ ਸ਼ੁਰੂ ਵਿੱਚ ਆਮ ਜਨਤਾ ਨੂੰ ਅਲਾਟ ਕਰਨ ਲਈ ਯੋਗ ਕਾਰਵਾਈ ਕੀਤੀ ਜਾਵੇ, ਤਾਂ ਜੋ ਕਿ ਵਿਆਜ ਦੀ ਦੇਣਦਾਰੀ ਨੂੰ ਘਟਾਇਆ ਜਾ ਸਕੇ ।

ਅਥਾਰਿਟੀ ਵੱਲੋਂ ਵੱਖੋ-ਵੱਖ ਵਿਕਾਸ ਕਾਰਜਾਂ ਅਤੇ ਪਰਾਪਰਟੀ ਵੇਚਣ ਸਬੰਧੀ ਦਿੱਤੇ ਜਾਣ ਵਾਲੇ ਇਸ਼ਤਿਹਾਰਾਂ ਨੂੰ ਕੰਮ ਦੀ ਮਹੱਤਤਾ ਦੇ ਅਨੁਸਾਰ ਹੀ ਅਖਬਾਰਾਂ ਦੀ ਚੋਣ ਕਰਨ ਲਈ ਕਿਹਾ ਗਿਆ।

**ਅਜੰਡਾ ਆਈਟਮ ਨੰ: 6.04**

**ਗਮਾਡਾ ਅਥਾਰਿਟੀ ਦੇ ਸਾਲ 2011-12 ਦੇ ਲੇਖੇ ਪ੍ਰਵਾਨ ਕਰਨ ਸਬੰਧੀ ।**

ਤਜਵੀਜ ਪ੍ਰਵਾਨ ਕੀਤੀ ਗਈ ।

ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ।